# ਤਤਕਰਾ


- ਭੂਮਿਕਾ iii-v

ਅਧਿਆਇ ਪਹਿਲਾ

ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ : ਸਿਧਾਂਤਕ ਪਰਿਪੇਖ 1-31

1.1 ਮਾਰਕਸਵਾਦ ਦੀ ਪ੍ਰੀਭਾਸ਼ਾ 1-5

1.2 ਪੱਛਮੀ ਮਾਰਕਸਵਾਦੀ ਸਾਹਿਤ ਚਿੰਤਕ 5-6

1.2.1 ਕਾਰਲ ਮਾਰਕਸ 6-8

1.2.2 ਫ੍ਰੈਡਰਿਕ ਏਂਗਲਜ਼ 8-9

1.2.3 ਜੀ.ਵੀ. ਪਲੈਖਾਨੋਵ 9-10

1.2.4 ਵੀ.ਆਈ.ਲੈਨਿਨ 10-11

1.2.5 ਰੈਲਫ ਫ਼ਾਕਸ 11-12

1.2.6 ਲਿਉਨ ਟ੍ਰਾਟਸਕੀ 12

1.2.7 ਟੈਰੀ ਈਗਲਟਨ 12-14

1.3 ਮਾਰਕਸਵਾਦੀ ਸਿਧਾਂਤਕ ਮਾਡਲ 14

1.3.1 ਦਾਰਸ਼ਨਿਕ ਆਧਾਰ 14-15

1.3.2 ਮਾਰਕਸਵਾਦੀ ਚਿੰਤਨ : ਭੌਤਿਕਤਵਾਦ/ਇਤਿਹਾਸਕ ਭੌਤਿਕਵਾਦ 15-17

1.3.3 ਗਿਆਨ ਮੀਮਾਂਸਾ 17-18

1.3.4 ਸਾਹਿਤ/ਕਲਾ : ਉਸਾਰ ਦੇ ਅੰਗ ਵਜੋਂ 18-20

1.3.5 ਵਿਚਾਰਧਾਰਕ ਸਾਧਨ 20-21

1.3.6 ਸੁਹਜ ਚੇਤਨਾ : ਸਮਾਜਿਕ ਪ੍ਰਸੰਗ 21-22

1.3.7 ਕਾਵਿ ਅਤੇ ਯਥਾਰਥ 22-24

1.3.8 ਕਾਵਿ ਕਲਾ ਦਾ ਉਦੇਸ 24-25

1.3.9 ਪ੍ਰਤਿਬੱਧਤਾ ਤੇ ਸਾਹਿਤ 25-26

1.3.10 ਲੇਖਕ ਦਾ ਉਦੇਸ਼ 27-28

1.3.11 ਰੂਪਕ ਪੱਖ ਦਾ ਸੁਬਾਓ 28-29

1.3.12 ਆਲੋਚਨਾ ਦਾ ਮੰਤਵ 29-31

**ਅਧਿਆਇ ਦੂਜਾ**

| | |
|---|---|
| **ਪੂਰਵ ਖੋਜਕਾਰਜ ਸਮੱਗਰੀ ਤੇ ਇਕੱਤਰੀਕਰਨ** | **32-47** |
| 2.1 ਪੀ.ਐੱਚ.ਡੀ ਖੋਜ ਪ੍ਰਬੰਧ | 32-39 |
| 2.2 ਐਮ.ਫਿਲ ਖੋਜ ਨਿਬੰਧ | 40-41 |
| 2.3 ਐਮ.ਏ.ਖੋਜ ਕਾਰਜ | 41-43 |
| 2.4 ਆਲੋਚਨਾਤਮਕ ਖੋਜ/ਪੱਤਰ ਲੇਖ | 43-47 |

**ਅਧਿਆਇ ਤੀਜਾ**

| | |
|---|---|
| **ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ : ਇਤਿਹਾਸਕ ਵਿਕਾਸ** | **48-72** |
| 3.1 ਪਹਿਲੇ ਪੜਾਅ ਦੇ ਪੰਜਾਬੀ ਮਾਰਕਸਵਾਦੀ ਚਿੰਤਕ | 49 |
| 3.1.1 ਸੰਤ ਸਿੰਘ ਸੇਖੋਂ | 49-53 |
| 3.1.2 ਪ੍ਰੋ. ਕਿਸ਼ਨ ਸਿੰਘ | 53-56 |
| 3.1.3 ਨਜਮ ਹੁਸੈਨ ਸੱਯਦ | 56-58 |
| 3.1.4 ਡਾ. ਅਤਰ ਸਿੰਘ | 58-61 |
| 3.2 ਦੂਸਰੇ ਪੜਾਅ ਦੇ ਪੰਜਾਬੀ ਮਾਰਕਸਵਾਦੀ ਚਿੰਤਕ | 61-62 |
| 3.2.1 ਡਾ.ਟੀ.ਆਰ ਵਿਨੋਦ | 63-65 |
| 3.2.2. ਡਾ. ਰਵਿੰਦਰ ਸਿੰਘ ਰਵੀ | 65-67 |
| 3.2.3 ਡਾ. ਤੇਜਵੰਤ ਸਿੰਘ ਗਿੱਲ | 67-69 |
| 3.2.4 ਡਾ. ਕੇਸਰ ਸਿੰਘ ਕੇਸਰ | 69-72 |

**ਅਧਿਆਇ ਚੌਥਾ**

| | |
|---|---|
| **ਸਾਹਿਤਿਆਰਥ ਦਾ ਵਿਚਾਰਧਾਰਕ ਅਧਿਐਨ** | **73-109** |
| 4.1 ਸੰਤ ਸਿੰਘ ਸੇਖੋਂ : ਪੂਰਵ ਆਲੋਚਨਾ | 73-74 |
| 4.2 ਸਾਹਿਤਿਆਰਥ : ਮੁੱਢਲੀ ਜਾਣਕਾਰੀ | 74-76 |
| 4.3 ਸੰਤ ਸਿੰਘ ਸੇਖੋਂ : ਆਲੋਚਨਾ ਦੇ ਪਛਾਣ ਚਿੰਨ੍ਹ | 76-77 |
| 4.3.1 ਪ੍ਰਗਤੀਵਾਦੀ ਮਨੋਰਥ | 77-78 |
| 4.3.2 ਯਥਾਰਥਵਾਦ ਨੂੰ ਅਹਿਮੀਅਤ | 78 |

4.3.3 ਵਿਚਾਰਧਾਰਾ ਅਤੇ ਇਨਕਲਾਬੀ ਧਾਰਨਾ 78-79

4.3.4 ਵਸਤੂ ਤੇ ਰੂਪ 79

4.3.5 ਅਸੱਪਸ਼ਟਤਾ 79-80

4.3.6 ਆਦਿਮ ਇਤਿਹਾਸ ਦ੍ਰਿਸ਼ਟੀ 80-81

4.4 ਸਾਹਿਤਿਆਰਥ ਵਿਚ ਸਾਹਿਤ ਦੇ ਅਨੁਭਵ ਦੀ ਪੇਸ਼ਕਾਰੀ 81-85

4.5 ਭਾਰਤੀ ਕਾਵਿ-ਸ਼ਾਸਤਰ 85-88

4.5.1 ਮੱਧਕਾਲੀ ਸਾਹਿਤ 88-92

4.5.2 ਆਧੁਨਿਕ ਸਾਹਿਤ 92-96

4.5.3 ਸਿਧਾਂਤਕਾਰੀ 96-104

4.6 ਸੇਖੋਂ ਆਲੋਚਨਾ ਦੀਆਂ ਸੀਮਾਵਾਂ 104

4.6.1 ਮੱਧਕਾਲੀ ਅਨੁਭਵ ਨੂੰ ਨਕਾਰਨਾ 105

4.6.2 ਸਵੈ ਵਿਰੋਧ 105-106

4.6.3 ਤਰਕ ਦੀ ਥਾਂ ਉਪਮਾਵਾਦੀ ਚਿੰਤਨ 106-107

4.6.4 ਕਵਿਤਾ ਨੂੰ ਗੱਦ ਦੇ ਵਿਰੋਧ ਵਜੋਂ ਪੇਸ਼ ਕਰਨਾ 107

4.6.5 ਜੀਵਨੀ ਮੂਲਕ ਅਧਿਐਨ 107-108

4.6.6 ਆਪਹੁਦਰਾ ਮਾਰਕਸਵਾਦ 108-109

- **ਨਿਸ਼ਕਰਸ਼** **110-113**
- **ਹਵਾਲੇ ਟਿੱਪਣੀਆਂ** **114-120**
- **ਪੁਸਤਕ ਸੂਚੀ** **121-123**

# ਭੂਮਿਕਾ

# ਭੂਮਿਕਾ

ਪੰਜਾਬੀ ਸਾਹਿਤ ਆਲੋਚਨਾ ਵਿਚ ਮਾਰਕਸਵਾਦੀ ਵਿਚਾਰਧਾਰਾ ਦਾ ਸਥਾਨ ਅਹਿਮ ਹੈ। ਸਾਹਿਤ ਵਿਚ ਮਾਰਕਸਵਾਦੀ ਵਿਚਾਰਧਾਰਾ ਦੇ ਪ੍ਰਵੇਸ਼ ਨਾਲ ਸਾਹਿਤ ਦਾ ਸੰਬੰਧ ਕਲਾ ਨਾਲੋਂ ਟੁੱਟ ਕੇ ਸਮਾਜ ਨਾਲ ਜੁੜਦਾ ਹੈ। ਇਸ ਤਰ੍ਹਾਂ ਆਲੋਚਨਾ ਵਿਕਾਸ ਦੀਆਂ ਲੀਹਾਂ ਤੇ ਨਿਰੰਤਰ ਗਤੀਸ਼ੀਲ ਰਹਿੰਦੀ ਹੈ। ਮੇਰੇ ਖੋਜ ਨਿਬੰਧ ਦਾ ਵਿਸ਼ਾ "ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ : ਇਤਿਹਾਸਕ ਅਤੇ ਸਿਧਾਂਤਕ ਵਿਕਾਸ" ਹੈ। ਮਾਰਕਸਵਾਦ ਮੂਲ ਰੂਪ ਵਿਚ ਇਕ ਵਿਸ਼ਵ ਦ੍ਰਿਸ਼ਟੀ ਹੈ। ਮਾਰਕਸਵਾਦ ਅਜਿਹੀ ਵਿਚਾਰਧਾਰਾ ਹੈ ਜੋ ਮਨੁੱਖੀ ਸਮਾਜ ਵਿਚਲੀਆਂ ਲੋੜਾਂ ਦੀ ਪੂਰਤੀ ਅਤੇ ਸਮਾਜਿਕ ਵਿਕਾਸ ਜਿਹੇ ਪਹਿਲੂਆਂ ਨੂੰ ਨਵੇਂ ਪ੍ਰਯੋਗਾਂ ਰਾਹੀਂ ਪੇਸ਼ ਕਰਦੀ ਹੈ। ਮਾਰਕਸਵਾਦੀ ਚਿੰਤਨ ਨਾ ਕੇਵਲ ਸੰਸਾਰ ਦੇ ਸਮੁੱਚੇ ਵਰਤਾਰਿਆ ਤੇ ਵਿਕਾਸ ਨੂੰ ਵਿਗਿਆਨਕ ਤਰੀਕੇ ਨਾਲ ਸਮਝਣ ਵਿਚ ਮਦਦ ਕਰਦਾ ਹੈ ਬਲਕਿ ਇਹ ਸੰਸਾਰ ਵਿਚਲੇ ਸ਼ੋਸ਼ਿਤ ਵਰਗ ਦਾ ਰਾਹ ਦਸੇਰਾ ਵੀ ਰਿਹਾ ਹੈ ਅਤੇ ਵਿਸ਼ਵ ਪੱਧਰ ਉਪਰ ਇਸਦਾ ਵਿਚਾਰਧਾਰਕ ਹਥਿਆਰ ਵੀ ਰਿਹਾ ਹੈ। ਪੰਜਾਬੀ ਸਾਹਿਤ ਵਿਚ ਮਾਰਕਸਵਾਦੀ ਆਲੋਚਨਾ ਦਾ ਪ੍ਰਵੇਸ਼ ਪ੍ਰਗਤੀਵਾਦ ਦੇ ਰੂਪ ਵਿਚ ਹੁੰਦਾ ਹੈ। ਇਸਨੂੰ ਵਿਧੀਗਤ ਤੇ ਵਿਗਿਆਨਕ ਸਰੂਪ ਸੰਤ ਸਿੰਘ ਸੇਖੋਂ ਦੁਆਰਾ ਦਿੱਤਾ ਗਿਆ। ਪੰਜਾਬੀ ਸਾਹਿਤ ਵਿਚ ਮੁੱਢ ਤੋਂ ਹੀ ਚਿੰਤਨ ਦੀ ਪ੍ਰਵਿਰਤੀ ਦੇਖਣ ਨੂੰ ਮਿਲਦੀ ਹੈ। ਮਾਰਕਸਵਾਦੀ ਚਿੰਤਨ ਵਿਸ਼ੇ ਨੂੰ ਇਸ ਖੋਜ ਨਿਬੰਧ ਅਧੀਨ ਲਿਆਉਣ ਦਾ ਕਾਰਨ ਇਹ ਹੈ ਕਿ ਇਸ ਨਾਲ ਇਸਤੇ ਡੂੰਘਾਈ ਨਾਲ ਚਰਚਾ ਕਰਦੇ ਹੋਏ ਇਸਦੀਆਂ ਸਥਾਪਨਾਵਾਂ ਅਤੇ ਸਮੱਸਿਆਵਾਂ ਨੂੰ ਵਿਚਾਰਧਾਰਕ ਨਜ਼ਰੀਏ ਤੋਂ ਘੋਖਦੇ ਹੋਏ, ਇਸਦੇ ਵਿਕਾਸਮਈ ਸਰੂਪ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਜਾਵੇਗਾ। ਮੇਰੇ ਵੱਲੋਂ ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ ਵਿਸ਼ੇ ਨੂੰ ਅਪਣਾਉਣ ਦਾ ਕਾਰਨ ਵੀ ਇਹੀ ਹੈ ਕਿ ਇਹ ਨਿਰੰਤਰ ਵਿਕਾਸਮਈ ਦਿਸ਼ਾ ਵੱਲ ਜਾ ਰਹੇ ਮਨੁੱਖੀ ਸਮਾਜ ਦੀਆਂ ਸਿਧਾਂਤਕ ਤੇ ਪਦਾਰਥਕ ਸਮੱਸਿਆਵਾਂ ਦਾ ਹੱਲ ਖੋਜਣ ਵਿਚ ਮਦਦ ਕਰਦਾ ਹੈ ਅਤੇ ਸਮਾਜ ਨੂੰ ਇਕ ਨਵੇਕਲੇ ਇਤਿਹਾਸਕ ਵਿਕਾਸ ਵੱਲ ਲਿਜਾਣ ਦੇ ਸਮਰੱਥ ਬਣਾਉਂਦਾ ਹੈ।

ਇਸ ਖੋਜ ਨਿਬੰਧ ਵਿਚ ਸੰਤ ਸਿੰਘ ਸੇਖੋਂ ਦੀ ਪੁਸਤਕ 'ਸਾਹਿਤਿਆਰਥ' ਨੂੰ ਅਧਿਐਨ ਦਾ ਆਧਾਰ ਬਣਾਇਆ ਜਾ ਰਿਹਾ ਹੈ। ਸੰਤ ਸਿੰਘ ਸੇਖੋਂ ਦੀ ਆਮਦ ਨਾਲ ਹੀ ਪੰਜਾਬੀ ਸਾਹਿਤ ਚਿੰਤਨ ਵਿਚ ਆਲੋਚਨਾ ਦਾ ਵਿਕਾਸ ਹੁੰਦਾ ਹੈ। ਉਸਨੇ ਆਰੰਭਿਕ ਪੰਜਾਬੀ ਮਾਰਕਸਵਾਦੀ ਆਲੋਚਨਾ ਦਾ ਮੁੱਢ ਬੰਨਿਆ। ਸੰਤ ਸਿੰਘ ਸੇਖੋਂ ਦੁਆਰਾ 'ਸਾਹਿਤਿਆਰਥ' ਪੁਸਤਕ ਵਿਚ ਪੇਸ਼ ਧਾਰਨਾਵਾਂ ਦਾ ਵਿਸ਼ਲੇਸ਼ਣਾਤਮਕ ਅਤੇ ਵਿਚਾਰਧਾਰਕ ਅਧਿਐਨ ਕੀਤਾ ਜਾਵੇਗਾ। ਇਸ ਖੋਜ ਨਿਬੰਧ ਨੂੰ ਅੱਗੇ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ।

ਖੋਜ ਨਿਬੰਧ ਦੇ ਪਹਿਲੇ ਅਧਿਆਇ 'ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ : ਸਿਧਾਂਤਕ ਪਰਿਪੇਖ' ਵਿਚ ਮਾਰਕਸਵਾਦ ਦੀ ਪਰਿਭਾਸ਼ਾ, ਇਸਦੇ ਸ਼ੁਰੂਆਤੀ ਦੌਰ ਦੀ ਮੁੱਢਲੀ ਜਾਣਕਾਰੀ, ਪ੍ਰਮੁੱਖ ਪੱਛਮੀ

ਮਾਰਕਸਵਾਦੀ ਚਿੰਤਕਾਂ ਦਾ ਵਰਣਨ, ਮਾਰਕਸਵਾਦੀ ਸਿਧਾਂਤਕ ਮਾਡਲ ਅਤੇ ਇਸ ਵਿਚਲੇ ਮਾਰਕਸਵਾਦੀ ਕਲਾ ਸਿਧਾਤਾਂ ਨੂੰ ਪੇਸ਼ ਕੀਤਾ ਜਾਵੇਗਾ।

ਇਸ ਖੋਜ ਨਿਬੰਧ ਦੇ ਦੂਜੇ ਅਧਿਆਇ 'ਪੂਰਵ ਖੋਜਕਾਰਜ : ਸਮੱਗਰੀ ਅਤੇ ਇਕੱਤਰੀਕਰਨ' ਵਿਚ ਇਸ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਯੂਨੀਵਰਸਿਟੀਆਂ ਤੋਂ ਪ੍ਰਾਪਤ ਕੀਤੇ ਪੂਰਵ ਖੋਜਕਾਰਜ ਨੂੰ ਸੰਖੇਪਤਾ ਵਿਚ ਬਿਆਨਿਆ ਗਿਆ ਹੈ ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਇਸ ਵਿਸ਼ੇ ਤੇ ਖੋਜ ਕਾਰਜ ਕਿਸ ਪੱਧਰ ਤੱਕ ਹੋ ਚੁੱਕਾ ਹੈ। ਇਸ ਅਧਿਆਇ ਨੂੰ ਆਪਣੇ ਖੋਜ ਨਿਬੰਧ ਵਿਚ ਸ਼ਾਮਿਲ ਕਰਨ ਨਾਲ ਇਸ ਖੋਜ ਵਿਸ਼ੇ ਦੀ ਪ੍ਰਮਾਣਿਕਤਾ ਸਿੱਧ ਹੋ ਸਕੇਗੀ। ਪਹਿਲਾਂ ਹੋ ਚੁੱਕੇ ਪੂਰਵ-ਖੋਜਕਾਰਜ ਅਤੇ ਵੱਖ-ਵੱਖ ਆਲੋਚਕਾਂ ਵੱਲੋਂ ਲਿਖੇ ਗਏ ਖੋਜ ਪੱਤਰਾਂ ਨੂੰ ਆਧਾਰ ਬਣਾ ਕੇ ਇਸ ਵਿਸ਼ੇ ਸੰਬੰਧੀ ਨਵੀਆਂ ਦਿਸ਼ਾਵਾਂ ਦੀ ਤਲਾਸ਼ ਕਰਨ ਦਾ ਯਤਨ ਕੀਤਾ ਜਾਵੇਗਾ।

ਇਸ ਖੋਜ ਨਿਬੰਧ ਦੇ ਤੀਜੇ ਅਧਿਆਇ 'ਪੰਜਾਬੀ ਮਾਰਕਸਵਾਦੀ ਸਾਹਿਤ ਚਿੰਤਨ : ਇਤਿਹਾਸਕ ਵਿਕਾਸ' ਵਿਚ ਪੰਜਾਬੀ ਸਾਹਿਤ ਚਿੰਤਨ ਵਿਚ ਮਾਰਕਸਵਾਦੀ ਆਲੋਚਨਾ ਦੀ ਆਮਦ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸਤੋਂ ਉਪਰੰਤ ਇਸ ਅਧਿਆਇ ਵਿਚ ਪੰਜਾਬੀ ਮਾਰਕਸਵਾਦੀ ਆਲੋਚਨਾ ਦੇ ਮੋਢੀ ਚਿੰਤਕ ਸੰਤ ਸਿੰਘ ਸੇਖੋਂ ਅਤੇ ਪੰਜਾਬੀ ਮਾਰਕਸਵਾਦੀ ਆਲੋਚਨਾ ਦੇ ਪਹਿਲੇ ਪੜਾਅ ਦੇ ਚਿੰਤਕ ਪ੍ਰੋ. ਕਿਸ਼ਨ ਸਿੰਘ, ਡਾ. ਅਤਰ ਸਿੰਘ, ਨਜਮ ਹੁਸੈਨ ਸੱਯਦ ਆਦਿ ਅਤੇ ਦੂਜੇ ਪੜਾਅ ਦੇ ਪ੍ਰਮੁੱਖ ਮਾਰਕਸਵਾਦੀ ਚਿੰਤਕ ਡਾ. ਟੀ ਆਰ ਵਿਨੋਦ, ਡਾ. ਰਵਿੰਦਰ ਸਿੰਘ ਰਵੀ, ਡਾ. ਤੇਜਵੰਤ ਸਿੰਘ ਗਿੱਲ, ਡਾ. ਕੇਸਰ ਸਿੰਘ ਕੇਸਰ ਆਦਿ ਦਾ ਵਰਣਨ ਕੀਤਾ ਜਾਵੇਗਾ। ਇਹਨਾਂ ਦੋਹਾਂ ਪੜਾਵਾਂ ਦੇ ਚਿੰਤਕਾਂ ਦੀਆਂ ਮਾਰਕਸਵਾਦੀ ਆਲੋਚਨਾ ਸੰਬੰਧੀ ਧਾਰਨਾਵਾਂ ਨੂੰ ਵੀ ਵਿਚਾਰ ਅਧੀਨ ਲਿਆਂਦਾ ਜਾਵੇਗਾ।

ਇਸ ਖੋਜ ਨਿਬੰਧ ਦੇ ਚੌਥੇ ਅਧਿਆਇ 'ਸਾਹਿਤਿਆਰਥ ਦਾ ਵਿਚਾਰਧਾਰਕ ਅਧਿਐਨ' ਵਿਚ ਸਾਹਿਤਿਆਰਥ ਪੁਸਤਕ ਨੂੰ ਅਧਿਐਨ ਦਾ ਆਧਾਰ ਬਣਾਇਆ ਜਾਵੇਗਾ। ਇਹ ਪਹਿਲੀ ਅਜਿਹੀ ਪੁਸਤਕ ਹੈ ਬੱਝਵੇਂ ਰੂਪ ਵਿਚ ਮਾਰਕਸਵਾਦੀ ਸਿਧਾਂਤ-ਚਿੰਤਨ ਦਾ ਤਰਕ ਕਾਇਮ ਕਰਦੀ ਹੈ। ਸਾਹਿਤ-ਸਿਧਾਂਤ ਦੀ ਪਾਠ ਉਸਾਰੀ ਵੱਲ ਵੀ ਇਹ ਪਹਿਲਾ ਉੱਦਮ ਕਿਹਾ ਜਾ ਸਕਦਾ ਹੈ। ਇਹ ਪੁਸਤਕ ਪ੍ਰਤੱਖ ਰੂਪ ਵਿਚ ਕਾਵਿ ਨੂੰ ਕੇਂਦਰ ਵਿਚ ਰੱਖਦੀ ਹੈ ਤੇ ਸਾਹਿਤ-ਸ਼ਾਸਤਰ ਬਾਰੇ ਸਿੱਧੀ ਚਰਚਾ ਨਹੀਂ ਛੇੜਦੀ। 'ਸਾਹਿਤਿਆਰਥ' ਪੁਸਤਕ ਦੇ ਅਧਾਰ ਤੇ ਸੇਖੋਂ ਆਲੋਚਨਾ ਦੀਆਂ ਸੀਮਾਵਾਂ ਉਜਾਗਰ ਹੁੰਦੀਆਂ ਹਨ, ਜਿੰਨਾਂ ਦਾ ਜ਼ਿਕਰ ਇਸ ਅਧਿਆਇ ਵਿਚ ਕੀਤਾ ਜਾਵੇਗਾ।

ਅੰਤ ਵਿਚ ਨਿਸ਼ਕਰਸ਼ ਅਤੇ ਪੁਸਤਕ ਸੂਚੀ ਨੂੰ ਪੇਸ਼ ਕੀਤਾ ਗਿਆ ਹੈ।

ਸਭ ਤੋਂ ਪਹਿਲਾ ਮੈਂ ਸਰਬ ਸਮਰੱਥ ਪਰਮਾਤਮਾ ਦੀ ਧੰਨਵਾਦ ਹਾਂ ਜਿਸ ਦੀ ਕਿਰਪਾ ਦ੍ਰਿਸ਼ਟੀ ਸਦਕਾ ਮੇਰਾ ਹੌਬਲਾ ਖੋਜ-ਕਾਰਜ ਮੁਕੰਮਲ ਹੋਇਆ। ਮੈਂ ਧੰਨਵਾਦੀ ਹਾਂ ਵਾਇਸ ਚਾਂਸਲਰ ਡਾ. ਜਤਿੰਦਰ ਸਿੰਘ ਬੱਲ, ਡੀਨ ਵਿੱਦਿਅਕ ਮਾਮਲੇ ਡਾ. ਵਿਜੈਧੀਰ ਅਤੇ ਆਪਣੇ ਨਿਗਰਾਨ ਡਾ. ਰੁਪਿੰਦਰਜੀਤ ਕੌਰ (ਅਸਿਸਟੈਂਟ ਪ੍ਰੋਫੈਸਰ) ਦੀ ਸ਼ੁਕਰਗੁਜ਼ਾਰ ਹਾਂ ਜਿੰਨ੍ਹਾਂ ਨੇ ਆਪਣੇ ਰੁਝੇਵਿਆਂ ਭਰੇ ਜੀਵਨ ਵਿਚੋਂ ਵੱਧ ਤੋਂ ਵੱਧ ਵਕਤ ਦੇ ਕੇ ਮੈਨੂੰ ਇਕ ਖੋਜੀ ਦੀ ਕਾਰਜਸ਼ੀਲਤਾ ਨਾਲ ਜੋੜੀ ਰੱਖਣ ਵਿਚ ਕੇਂਦਰੀ ਭੂਮਿਕਾ ਨਿਭਾਈ ਤੇ ਰਹਿਨੁਮਾਈ ਕਰਦਿਆਂ ਗੁਰੂ ਸ਼ਬਦ ਦੇ ਅਰਥ ਧਰਾਤਲ ਤੋਂ ਵੀ ਉੱਪਰ ਉੱਠ ਕੇ ਮੇਰੇ ਜ਼ਿਹਨ ਵਿਚਲੇ ਅਗਿਆਨਤਾ ਦੇ ਹਨ੍ਹੇਰੇ ਨੂੰ ਗਿਆਨ ਦੀ ਰੌਸ਼ਨੀ ਵਿਚ ਤਬਦੀਲ ਕਰਨ ਦਾ ਉਪਰਾਲਾ ਕੀਤਾ। ਮੈਂ ਧੰਨਵਾਦੀ ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਜਿਨ੍ਹਾਂ ਦੀਆਂ ਗਿਆਨ ਮੂਲਕ ਲਾਇਬ੍ਰੇਰੀਆਂ ਵਿਚੋਂ ਹੋਏ ਖੋਜ-ਕਾਰਜਾਂ ਅਤੇ ਪੁਸਤਕਾਂ ਨੂੰ ਆਧਾਰ ਬਣਾ ਕੇ ਆਪਣਾ ਖੋਜ-ਕਾਰਜ ਮੁਕੰਮਲ ਕਰ ਸਕੀ। ਮੈਂ ਧੰਨਵਾਦੀ ਹਾਂ ਆਪਣੇ ਪੂਜਨੀਕ ਮਾਤਾ ਸੁਖਵਿੰਦਰ ਕੌਰ ਜੀ ਤੇ ਪਿਤਾ ਇੰਦਰਜੀਤ ਸਿੰਘ ਜੀ ਦੀ ਜਿੰਨ੍ਹਾਂ ਨੇ ਆਪਣੀ ਸਿਰੜੀ ਮਿਹਨਤ ਸਦਕਾ ਮੈਨੂੰ ਉੱਚ ਵਿੱਦਿਆ ਪ੍ਰਾਪਤ ਕਰਨ ਦੇ ਯੋਗ ਬਣਾਇਆ। ਮੈਂ ਧੰਨਵਾਦੀ ਹਾਂ ਆਪਣੇ ਵਿਭਾਗ ਦੇ ਸਾਥੀ ਖੋਜ-ਵਿਦਿਆਰਥੀਆਂ ਦਾ ਜਿੰਨ੍ਹਾਂ ਨੇ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਮੇਰਾ ਸਾਥ ਦਿੱਤਾ।

## ਉਦੇਸ਼

1. ਸੰਤ ਸਿੰਘ ਸੇਖੋਂ ਦੀ ਮਾਰਕਸਵਾਦੀ ਆਲੋਚਨਾ ਦੇ ਸਿਧਾਂਤਕ ਤੇ ਵਿਵਹਾਰਿਕ ਪਹਿਲੂਆਂ ਦੀ ਤੁਲਨਾਤਮਿਕ ਪਹਿਚਾਣ ਕਰਨਾ
2. ਸਮਕਾਲ ਵਿਚ ਉਸ ਦੇ ਮਾਰਕਸਵਾਦੀ ਆਲੋਚਨਾ ਦੇ ਸਿਧਾਂਤਕ ਪਹਿਲੂ ਦਾ ਵਿਸ਼ਲੇਸ਼ਣ ਅਤੇ ਇਸ ਦੀਆਂ ਸੀਮਾਵਾਂ ਦੀ ਪਹਿਚਾਣ ਕਰਨਾ
3. ਪੰਜਾਬੀ ਸਾਹਿਤ ਆਲੋਚਨਾ ਵਿਚ ਸੰਤ ਸਿੰਘ ਸੇਖੋਂ ਦੇ ਬਿੰਬ ਨੂੰ ਪੁਨਰ ਪਰਿਭਾਸ਼ਿਤ ਕਰਨਾ।